## ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 pm**

**ਮਿਤੀ: 10-06-2025**

- ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਨੇ ਕਿਹਾ ਏ ਕਿ ਜੇਕਰ ਭਾਰਤ ਨੂੰ ਦਹਿਸ਼ਤਗਰਦ ਹਮਲਿਆਂ ਨਾਲ ਉਕਸਾਇਆ ਗਿਆ ਤਾਂ ਉਹ ਪਾਕਿਸਤਾਨ ਵਿੱਚ ਅੰਦਰ ਤਕ ਜਾ ਕੇ ਹਮਲਾ ਕਰੇਗਾ।
- ਸਰਕਾਰ ਜੰਮੂ-ਕਸ਼ਮੀਰ ਅਤੇ ਪੰਜਾਬ ਦੇ ਸਰਹੱਦੀ ਇਲਾਕਿਆਂ ਵਿੱਚ ਆਪਰੇਸ਼ਨ ਸਿੰਦੂਰ ਦੌਰਾਨ ਨੁਕਸਾਨੇ ਗਏ ਮਕਾਨਾਂ ਲਈ ਵਾਧੂ 25 ਕਰੋੜ ਰੁਪਏ ਮੁਹਇਆ ਕਰੇਗੀ।
- ਸੂਬੇ ਵਿੱਚ ਸਨਅਤ ਕਾਇਮ ਕਰਨ ਲਈ ਲੋੜੀਂਦੀਆਂ ਕਾਨੂੰਨੀ ਪ੍ਰਕਿਰਿਆਵਾਂ ਨੂੰ ਸਰਲ ਬਣਾਉਣ ਵਾਸਤੇ, ਪੰਜਾਬ ਸਰਕਾਰ ਨੇ ਅੱਜ ਪੰਜਾਬ ਸਨਅਤੀ ਕ੍ਰਾਂਤੀ ਦੀ ਸ਼ੁਰੂਆਤ ਕੀਤੀ ਏ।
- ਲੁਧਿਆਣਾ ਪੱਛਮੀ ਉਪ-ਚੋਣ ਲਈ ਆਮ- ਨਿਗਰਾਨ ਰਾਜੀਵ ਕੁਮਾਰ, ਵੱਲੋਂ ਪੋਲਿੰਗ ਲਈ ਵਰਤੀਆਂ ਜਾਣ ਵਾਲੀਆਂ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਅਤੇ ਵੋਟਰ-ਪ੍ਰਮਾਣਿਤ ਪੇਪਰ ਆਡਿਟ ਟ੍ਰੇਲ ਮਸ਼ੀਨਾਂ ਤਿਆਰ ਕਰਨ ਦੀ ਪ੍ਰਕਿਰਿਆ ਦਾ ਨਿਰੀਖਣ ਕੀਤਾ ਗਿਆ।

- ਪਟਿਆਲਾ ਸ਼ਹਿਰ ਦੀ ਆਵਾਜਾਈ ਤੇ ਟ੍ਰੈਫਿਕ ਪ੍ਰਣਾਲੀ ਨੂੰ ਸੁਚਾਰੂ ਢੰਗ ਨਾਲ ਲਾਗੂ ਕਰਨ ਲਈ ਉਥੇ ਇੰਟੈਲੀਜੈਂਟ ਟ੍ਰੈਫਿਕ ਮੈਨੇਜਮੈਂਟ ਸਿਸਟਮ ਲਾਇਆ ਜਾਏਗਾ.

---------------------------------------------------

ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਨੇ ਪਾਕਿਸਤਾਨ ਨੂੰ ਸਰਹੱਦ ਪਾਰ ਦਹਿਸ਼ਤਗਰਦੀ 'ਤੇ ਚੇਤਾਵਨੀ ਦਿੰਦੇ ਹੋਏ ਕਿਹਾ ਏ ਕਿ ਜੇਕਰ ਭਾਰਤ ਨੂੰ ਦਹਿਸ਼ਤਗਰਦ ਹਮਲਿਆਂ ਨਾਲ ਉਕਸਾਇਆ ਗਿਆ ਤਾਂ ਉਹ ਪਾਕਿਸਤਾਨ ਵਿੱਚ ਅੰਦਰ ਤਕ ਜਾ ਕੇ ਹਮਲਾ ਕਰੇਗਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਹਾਲ ਹੀ ਵਿੱਚ ਹੋਏ ਪਹਿਲਗਾਮ ਹਮਲੇ ਵਰਗੇ ਵਹਿਸ਼ੀ ਕੰਮਾਂ ਦੀ ਸੂਰਤ ਵਿੱਚ ਦਹਿਸ਼ਤਗਰਦ ਜਥੇਬੰਦੀਆਂ ਅਤੇ ਉਨ੍ਹਾਂ ਦੀ ਲੀਡਰਸ਼ਿਪ ਵਿਰੁੱਧ ਬਦਲਾ ਲਿਆ ਜਾਵੇਗਾ। ਮੰਤਰੀ ਨੇ ਇਹ ਗੱਲ ਇੱਕ ਅਮਰੀਕੀ ਸਿਆਸੀ ਡਿਜੀਟਲ ਅਖਬਾਰ ਨਾਲ ਇੱਕ ਇੰਟਰਵਿਊ ਵਿੱਚ ਕਹੀ। ਯੂਰਪ ਦੀ ਯਾਤਰਾ ਕਰ ਰਹੇ ਡਾ. ਜੈਸ਼ੰਕਰ ਨੇ ਕਿਹਾ ਏ ਕਿ ਪਾਕਿਸਤਾਨ ਹਜ਼ਾਰਾਂ ਦਹਿਸ਼ਤਗਰਦਾਂ ਨੂੰ ਖੁੱਲ੍ਹੇਆਮ ਸਿਖਲਾਈ ਦੇ ਰਿਹਾ ਏ ਅਤੇ ਉਨ੍ਹਾਂ ਨੂੰ ਭਾਰਤ 'ਤੇ ਛੱਡ ਰਿਹਾ ਏ ।ਇੱਕ ਹੋਰ ਅਖ਼ਬਾਰ ਨਾਲ ਇੰਟਰਵਿਊ ਵਿੱਚ, ਡਾ. ਜੈਸ਼ੰਕਰ ਨੇ ਜ਼ੋਰ ਦੇ ਕੇ ਕਿਹਾ ਕਿ ਚੀਨ, ਪਾਕਿਸਤਾਨ ਨਾਲ ਆਪਣੇ ਨੇੜਲੇ ਸਬੰਧਾਂ ਦੇ ਸੰਦਰਭ ਵਿੱਚ

ਦਹਿਸ਼ਤਗਰਦੀ ਨਾਲ ਨਜਿੱਠਣ ਵਿੱਚ ਅਸਪਸ਼ਟਤਾ ਅਤੇ ਦੋਹਰੇ ਮਾਪਦੰਡਾਂ ਨੂੰ ਬਰਦਾਸ਼ਤ ਨਹੀਂ ਕਰ ਸਕਦਾ। ਉਨ੍ਹਾਂ ਅੱਗੇ ਕਿਹਾ ਕਿ ਦਹਿਸ਼ਤਗਰਦੀ ਇੱਕ ਅਜਿਹੀ ਸਮੱਸਿਆ ਏ ਜੋ ਸਾਰਿਆਂ ਨੂੰ ਚਿੰਤਤ ਕਰਦੀ ਏ। ਉਨ੍ਹਾਂ ਅੱਗੇ ਕਿਹਾ ਕਿ ਭਾਰਤ ਅਤੇ ਚੀਨ ਆਪਣੇ ਸਬੰਧਾਂ ਨੂੰ ਕਦਮ-ਦਰ-ਕਦਮ ਸੁਧਾਰ ਸਕਦੇ ਨੇ ਅਤੇ ਕੋਵਿਡ-19 ਮਹਾਂਮਾਰੀ ਤੋਂ ਬਾਅਦ ਮੁਅੱਤਲ ਕੀਤੀਆਂ ਗਈਆਂ ਸਿੱਧੀਆਂ ਉਡਾਣਾਂ ਨੂੰ ਮੁੜ ਸ਼ੁਰੂ ਕਰਨ 'ਤੇ ਚਰਚਾ ਹੋਈ ਏ.

---------------------------------------------------------

ਸਰਕਾਰ ਜੰਮੂ-ਕਸ਼ਮੀਰ ਦੇ ਸਰਹੱਦੀ ਇਲਾਕਿਆਂ ਵਿੱਚ ਆਪਰੇਸ਼ਨ ਸਿੰਦੂਰ ਦੌਰਾਨ ਨੁਕਸਾਨੇ ਗਏ ਮਕਾਨਾਂ ਲਈ ਵਾਧੂ 25 ਕਰੋੜ ਰੁਪਏ ਮੁਹਇਆ ਕਰੇਗੀ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਪਾਕਿਸਤਾਨੀ ਗੋਲਾਬਾਰੀ'ਚ ਨੁਕਸਾਨੇ ਗਏ ਮਕਾਨਾਂ ਲਈ ਵਾਧੂ ਮੁਆਵਜ਼ੇ ਦਾ ਐਲਾਨ ਕੀਤਾ ਸੀ. ਗ੍ਰਿਹਿ ਮੰਤਰਾਲੇ ਨੇ ਦੱਸਿਆ ਏ ਕਿ ਪ੍ਰਧਾਨ ਮੰਤਰੀ ਨੇ ਪੂਰੀ ਤਰ੍ਹਾਂ ਨੁਕਸਾਨੇ ਗਏ ਮਕਾਨਾਂ ਲਈ ਦੋ-ਦੋ ਲੱਖ ਰੁਪਏ ਅਤੇ ਅੰਸ਼ਕ ਤੌਰ ਤੇ ਨੁਕਸਾਨੇ ਗਏ ਮਕਾਨਾਂ ਲਈ ਇੱਕ-ਇੱਕ ਲੱਖ ਰੁਪਏ ਦੀ ਵਾਧੂ ਰਕਮ ਦਾ ਐਲਾਨ ਕੀਤਾ ਸੀ. ਗ੍ਰਿਹ ਮੰਤਰਾਲੇ ਨੇ ਇਸ ਨੂੰ ਫੌਰਨ ਲਾਗੂ ਕਰਨਾ ਪੱਕਾ ਕੀਤਾ ਏ. ਪੰਜਾਬ ਦੇ ਸਰਹੱਦੀ ਇਲਾਕਿਆਂ ਲਈ ਵੀ ਇੰਨੀ ਹੀ ਵਾਧੂ ਮੁਆਵਜ਼ਾ ਰਕਮ ਦਿੱਤੀ ਜਾਏਗੀ.

---------------------------------------------

ਸੂਬੇ ਵਿੱਚ ਸਨਅਤ ਕਾਇਮ ਕਰਨ ਲਈ ਲੋੜੀਂਦੀਆਂ ਕਾਨੂੰਨੀ ਪ੍ਰਕਿਰਿਆਵਾਂ ਨੂੰ ਸਰਲ ਬਣਾਉਣ ਵਾਸਤੇ, ਪੰਜਾਬ ਸਰਕਾਰ ਨੇ ਅੱਜ ਪੰਜਾਬ ਸਨਅਤੀ ਕ੍ਰਾਂਤੀ ਦੀ ਸ਼ੁਰੂਆਤ ਕੀਤੀ ਏ । ਚੰਡੀਗੜ੍ਹ ਵਿੱਚ ਫਾਸਟ੍ਰੈਕ ਪੰਜਾਬ ਪੋਰਟਲ ਦੀ ਸ਼ੁਰੂਆਤ ਕਰਦਿਆਂ, ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਏ ਕਿ ਇਹ ਸਿਸਟਮ ਵਿੱਚ ਸ਼ਾਮਲ, ਲਾਲ ਫੀਤਾਸ਼ਾਹੀ ਅਤੇ ਵਿਆਪਕ ਭ੍ਰਿਸ਼ਟਾਚਾਰ ਨੂੰ ਵੀ ਖਤਮ ਕਰੇਗਾ। ਇਸ ਮੌਕੇ 'ਆਪ' ਕਨਵੀਨਰ ਅਰਵਿੰਦ ਕੇਜਰੀਵਾਲ ਵੀ ਮੌਜੂਦ ਸਨ। ਇਹ ਪੋਰਟਲ, ਜਿਸਨੂੰ ਦੇਸ਼ ਦਾ ਆਪਣੀ ਤਰ੍ਹਾਂ ਦਾ ਪਹਿਲਾ ਪੋਰ੍ਹਲ ਕਿਹਾ ਜਾਂਦਾ ਏ, ਅਰਜ਼ੀ ਦੀ ਤਰੀਕ ਤੋਂ ਵੱਧ ਤੋਂ ਵੱਧ 45 ਦਿਨਾਂ ਦੇ ਅੰਦਰਸਾਰੀਆਂ ਕਾਨੂੰਨੀ ਇਜਾਜ਼ਤਾਂ ਅਤੇ ਪਾਲਣਾ ਨੂੰ ਯਕੀਨੀ ਬਣਾਏਗਾ.

---------------------------------------------

ਭਾਰਤ ਵਿਚ ਸੇਵਾ, ਸੁਸ਼ਾਸਨ ਅਤੇ ਗਰੀਬਾਂ ਦੀ ਭਲਾਈ ਦੇ ਸਿਧਾਂਤਾਂ ਸਦਕਾ ਇੱਕ ਦਹਾਕੇ ਵਿਚ ਸ਼ਾਨਦਾਰ ਤਬਦੀਲੀ ਆਈ ਏ. ਪਿਛਲੇ 11 ਸਾਲਾਂ ਵਿਚ ਮੁਖ ਖੇਤਰਾਂ ‘ਚ ਸਰਕਾਰ ਦੇ ਉਪਰਾਲਿਆਂ ਬਾਰੇ ਆਕਾਸ਼ਵਾਣੀ ਖਬਰਾਂ ਵਲੋਂ ਇੱਕ ਵਿਸ਼ੇਸ ਲੜੀ ਪੇਸ਼ ਕੀਤੀ ਜਾ ਰਹੀ

ਏ। ਅੱਜ ਅਸੀਂ ਰੱਖਿਆ ਵਿੱਚ ਆਤਮਨਿਰਭਰਤਾ 'ਤੇ ਧਿਆਨ ਕੇਂਦਰਿਤ ਕਰ ਰਹੇ ਹਾਂ।

**ਇੱਕ ਰਿਪੋਰਟ : V/C**

*ਪਿਛਲੇ ਦਹਾਕੇ ਦੌਰਾਨ, ਭਾਰਤ ਨੇ ਆਪਣੇ ਸੁਰੱਖਿਆ ਸਿਧਾਂਤ ਨੂੰ ਸਪੱਸ਼ਟਤਾ, ਦ੍ਰਿੜਤਾ ਅਤੇ ਵਿਸ਼ਵਾਸ ਨਾਲ ਮੁੜ ਪਰਿਭਾਸ਼ਿਤ ਕੀਤਾ ਏ। 2016 ਦੇ ਸਰਜੀਕਲ Strikes ਤੋਂ ਲੈ ਕੇ, 2025 ਵਿੱਚ ਆਪ੍ਰੇਸ਼ਨ ਸਿੰਦੂਰ ਤੱਕ, ਸੁਨੇਹਾ ਸਪੱਸ਼ਟ ਏ - ਭਾਰਤ ਆਪਣੀ ਰਾਸ਼ਟਰੀ ਸੁਰੱਖਿਆ ਲਈ ਖਤਰਿਆਂ ਨੂੰ ਬਰਦਾਸ਼ਤ ਨਹੀਂ ਕਰੇਗਾ।*

*ਆਪ੍ਰੇਸ਼ਨ ਸਿੰਦੂਰ, ਭਾਰਤ ਦੇ ਦਹਿਸ਼ਤਗਰਦੀ ਵਿਰੋਧੀ ਜਵਾਬ ਵਿੱਚ, ਇੱਕ ਅਹਿਮ ਪਲ ਦੀ ਨਿਸ਼ਾਨਦੇਹੀ ਕਰਦਾ ਏ। ਇੱਕ ਸਟੀਕ, ਤਾਲਮੇਲ ਵਾਲੇ ਮਿਸ਼ਨ ਨੇ ਸਰਹੱਦ ਪਾਰ 9 ਦਹਿਸ਼ਤਗਰਦ ਕੈਂਪਾਂ ਨੂੰ ਖਤਮ ਕਰ ਦਿੱਤਾ।*

*ਆਪ੍ਰੇਸ਼ਨ ਸਿੰਦੂਰ ਦੀ ਸਫਲਤਾ ਵਿੱਚ ਸਵਦੇਸ਼ੀ ਨਿਰਮਾਣ ਨੇ ਮਹੱਤਵਪੂਰਨ ਭੂਮਿਕਾ ਨਿਭਾਉਂਦਿਆਂ, ਰਾਸ਼ਟਰੀ ਸੁਰੱਖਿਆ ਨੂੰ ਰਣਨੀਤੀ ਤੋਂ ਅਮਲ ਵਿੱਚ ਬਦਲ ਦਿੱਤਾ। ਇਨੋਵੇਸ਼ਨਜ਼ ਫਾਰ ਡਿਫੈਂਸ ਐਕਸੀਲੈਂਸ, iDEX ਵਰਗੀਆਂ ਪਹਿਲਕਦਮੀਆਂ, ਸਾਡੀਆਂ ਫੌਜਾਂ ਲਈ*

*ਅਤਿ-ਆਧੁਨਿਕ ਹਲ ਪ੍ਰਦਾਨ ਕਰਨ ਲਈ, ਸਟਾਰਟਅੱਪਸ ਅਤੇ MSMEs ਨੂੰ ਸ਼ਕਤੀ ਪ੍ਰਦਾਨ ਕਰ ਰਹੀਆਂ ਨੇ।*

*ਇਸ ਤੋਂ ਇਲਾਵਾ, ਰੱਖਿਆ ਬਰਾਮਦ 23 ਹਜ਼ਾਰ 622 ਕਰੋੜ ਰੁਪਏ ਦੇ ਰਿਕਾਰਡ ਤੱਕ ਵਧੀ ਏ, ਜੋ ਕਿ 2014 ਤੋਂ 34 ਗੁਣਾ ਵੱਧ ਏ।*

*ਰੱਖਿਆ ਖੇਤਰ 'ਚ, ਭਾਰਤ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਕਰ ਰਿਹਾ ਏ, ਜਿੱਥੇ ਸੁਰੱਖਿਆ ਤਾਕਤ ਏ ਅਤੇ ਆਤਮ-ਨਿਰਭਰਤਾ ਸਾਡੀ ਢਾਲ ਏ।*

*ਬਿਊਰੋ ਰਿਪੋਰਟ ਨਾਲ ਜਲੰਧਰ ਤੋਂ ਆਕਾਸ਼ਵਾਣੀ ਖਬਰਾਂ ਲਈ ਮੈਂ ਚੰਚਲ ਸ਼ਰਮਾ*

---------------------------------------------------

ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਅਰਸ਼ਦੀਪ, ਜੋ ਇਸ ਸਮੇਂ ਗੋਇੰਦਵਾਲ ਜੇਲ੍ਹ ਵਿੱਚ ਬੰਦ ਏ, ਦੀ ਅਗਵਾਈ ਵਾਲੇ ਇੱਕ ਸੰਗਠਿਤ ਨਾਰਕੋ-ਹਵਾਲਾ ਕਾਰਟੈਲ ਦਾ ਖਾਤਮਾ ਕਰ ਦਿੱਤਾ ਏ. ਖਾਸ ਖੁਫੀਆ ਜਾਣਕਾਰੀ 'ਤੇ ਕਾਰਵਾਈ ਕਰਦਿਆਂ, ਪੁਲਿਸ ਟੀਮਾਂ ਨੇ ਛੇ ਕਾਰਕੁਨਾਂ ਨੂੰ ਗ੍ਰਿਫਤਾਰ ਕੀਤਾ ਏ ਅਤੇ 4 ਕਿਲੋ ਤੋਂ ਵੱਧ ਹੈਰੋਇਨ ਦੇ ਨਾਲ 8.7 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਏ ।ਮੁੱਢਲੀ ਜਾਂਚ ਤੋਂ ਪਤਾ ਚੱਲਿਆ ਏ ਕਿ ਅਰਸ਼ਦੀਪ ਆਪਣੇ ਦੋ ਸਾਥੀਆਂ ਨਾਲ ਰਲ ਕੇ ਨਸ਼ੀਲੇ ਪਦਾਰਥਾਂ ਦੇ ਵਪਾਰ ਅਤੇ ਹਵਾਲਾ ਲੈਣ-ਦੇਣ ਨੂੰ ਅੰਜਾਮ ਦੇ ਰਿਹਾ ਸੀ।

ਇਹ ਸਾਥੀ, ਸਰਹੱਦ ਪਾਰ ਦੀਆਂ ਖੇਪਾਂ ਪ੍ਰਾਪਤ ਕਰਨ ਅਤੇ ਉਨ੍ਹਾਂ ਨੂੰ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਵੰਡਣ ਲਈ ਜ਼ਿੰਮੇਵਾਰ ਸਨ। ਨਸ਼ੀਲੇ ਪਦਾਰਥਾਂ ਦੇ ਵਪਾਰ ਤੋਂ ਹਾਸਿਲ ਹੋਣ ਵਾਲੀ ਕਮਾਈ ਹਵਾਲਾ ਚੈਨਲਾਂ ਰਾਹੀਂ ਦੁਬਈ, UAE ਅਤੇ ਬਾਅਦ ਵਿੱਚ ਪਾਕਿਸਤਾਨ ਭੇਜੀ ਜਾਂਦੀ ਸੀ ।

------------------------------------------------------------

ਲੁਧਿਆਣਾ ਪੱਛਮੀ ਉਪ-ਚੋਣ ਲਈ ਆਮ- ਨਿਗਰਾਨ ਰਾਜੀਵ ਕੁਮਾਰ, ਵੱਲੋਂ ਪੋਲਿੰਗ ਵਾਲੇ ਦਿਨ ਯਾਨੀ 19 ਜੂਨ ਨੂੰ ਵਰਤੀਆਂ ਜਾਣ ਵਾਲੀਆਂ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਅਤੇ ਵੋਟਰ-ਪ੍ਰਮਾਣਿਤ ਪੇਪਰ ਆਡਿਟ ਟ੍ਰੇਲ ਮਸ਼ੀਨਾਂ ਤਿਆਰ ਕਰਨ ਦੀ ਪ੍ਰਕਿਰਿਆ ਦਾ ਨਿਰੀਖਣ ਕੀਤਾ।ਅੱਜ ਸ਼ੁਰੂ ਹੋਈ ਤਿਆਰੀ ਪ੍ਰਕਿਰਿਆ 11 ਜੂਨ ਨੂੰ ਵੀ ਜਾਰੀ ਰਹੇਗੀ ਤਾਂ ਜੋ 19 ਜੂਨ ਨੂੰ ਪੋਲਿੰਗ ਵਾਲੇ ਦਿਨ ਮਸ਼ੀਨਾਂ ਦੀ ਤਿਆਰੀ ਨੂੰ ਯਕੀਨੀ ਬਣਾਇਆ ਜਾ ਸਕੇ। ਈ.ਵੀ.ਐਮ. ਅਤੇ ਵੀ.ਵੀ. ਪੈਟ ਦੀ ਤਿਆਰੀ ਦੀ ਜਾਂਚ ਕਰਦੇ ਹੋਏ, ਨਿਗਰਾਨ ਨੇ ਕਿਹਾ ਕਿ ਪ੍ਰਸ਼ਾਸਨ ਵੱਲੋਂ ਮੰਗਲਵਾਰ ਨੂੰ ਪੋਲਿੰਗ ਵਾਲੇ ਦਿਨ ਵਰਤੇ ਜਾਣ ਵਾਲੇ ਬੈਲਟ ਜਾਂ ਕੰਟਰੋਲ ਯੂਨਿਟਾਂ ਅਤੇ ਵੀ.ਵੀ. ਪੈਟ ਦੀ ਤਿਆਰੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਏ । ਉਨ੍ਹਾਂ ਕਿਹਾ ਕਿ ਇਨ੍ਹਾਂ ਵਿੱਚੋਂ ਹਰੇਕ ਮਸ਼ੀਨ 19 ਜੂਨ ਨੂੰ ਵੋਟ ਕੇਂਦਰਾਂ 'ਤੇ ਲਾਈ ਜਾਵੇਗੀ। ਉਨ੍ਹਾਂ ਅੱਗੇ ਕਿਹਾ ਕਿ ਨਿਰੀਖਣ ਦਾ

ਮੁੱਖ ਉਦੇਸ਼ ਇਹ ਯਕੀਨੀ ਬਣਾਉਣਾ ਏ ਕਿ ਉਪ ਚੋਣ ਲਈ ਪੋਲਿੰਗ ਪਾਰਦਰਸ਼ੀ ਢੰਗ ਨਾਲ ਹੋਵੇ। ਅਧਿਕਾਰੀਆਂ ਨੂੰ ਈ.ਵੀ.ਐਮ ਤੇ ਵੀ.ਵੀ.ਪੈਟ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਨਿਰਦੇਸ਼ ਵੀ ਜਾਰੀ ਕੀਤੇ ਗਏ।

-----------------------------------------------------------

ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਪਦਮ ਸ੍ਰੀ ਅਵਾਰਡ ਨਾਲ ਨਿਵਾਜ਼ੇ ਗਏ ਅਤੇ ਉੱਘੇ ਹਜ਼ੂਰੀ ਰਾਗੀ ਭਾਈ ਹਰਜਿੰਦਰ ਸਿੰਘ ਜੀ (ਸ੍ਰੀਨਗਰ ਵਾਲੇ) ਨੂੰ ਅੱਜ ਰਾਜ ਭਵਨ, ਚੰਡੀਗੜ੍ਹ ਵਿਖੇ ਹੋਈ ਇੱਕ ਵਿਸ਼ੇਸ਼ ਮੁਲਾਕਾਤ ਦੌਰਾਨ ਸਨਮਾਨਿਤ ਕੀਤਾ। ਭਾਈ ਹਰਜਿੰਦਰ ਸਿੰਘ ਜੀ, ਜਿਨ੍ਹਾਂ ਨੂੰ ਹਾਲ ਹੀ ਵਿੱਚ ਭਾਰਤ ਦੇ ਰਾਸ਼ਟਰਪਤੀ ਵੱਲੋਂ ਗੁਰਬਾਣੀ ਕੀਰਤਨ ਦੀ ਅਧਿਆਤਮਿਕ ਅਤੇ ਸੰਗੀਤਕ ਪਰੰਪਰਾ ਵਿੱਚ ਸ਼ਾਨਦਾਰ ਯੋਗਦਾਨ ਲਈ ਵੱਕਾਰੀ ਪਦਮ ਸ੍ਰੀ ਨਾਲ ਸਨਮਾਨਿਤ ਕੀਤਾ ਗਿਆ ਏ, ਨੂੰ ਰਾਜਪਾਲ ਕਟਾਰੀਆ ਨੇ ਨਿੱਘੀ ਵਧਾਈ ਦਿੱਤੀ। ਰਾਜਪਾਲ ਨੇ ਭਾਈ ਸਾਹਿਬ ਦੇ ਪਵਿੱਤਰ ਗੁਰਬਾਣੀ ਕੀਰਤਨ ਪ੍ਰਤੀ ਅਟੁੱਟ ਸਮਰਪਣ ਦੀ ਸ਼ਲਾਘਾ ਕੀਤੀ ਅਤੇ ਇਸ award ਨੂੰ ਗੁਰਬਾਣੀ ਪ੍ਰਤੀ ਉਨ੍ਹਾਂ ਦੀ ਜੀਵਨ ਭਰ ਦੀ ਸੇਵਾ ਦੀ ਅਸਲ ਮਾਨਤਾ ਦੱਸਿਆ। ਉਨ੍ਹਾਂ ਕਿਹਾ ਕਿ ਭਾਈ ਹਰਜਿੰਦਰ ਸਿੰਘ ਜੀ ਸ਼ਰਧਾ ਅਤੇ ਰਵਾਇਤ ਦੇ ਇੱਕ

ਚਾਨਣ ਮੁਨਾਰੇ ਬਣ ਗਏ ਨੇ. ਰਾਜਪਾਲ ਨੇ ਕਿਹਾ ਕਿ ਉਨ੍ਹਾਂ ਦੀ ਮਾਨਤਾ ਨਾ ਸਿਰਫ਼ ਪੰਜਾਬ ਲਈ ਮਾਣ ਵਾਲਾ ਪਲ ਏ, ਸਗੋਂ ਸਮੁੱਚੇ ਭਾਰਤੀ ਅਧਿਆਤਮਿਕ ਸੰਗੀਤ ਭਾਈਚਾਰੇ ਲਈ ਇੱਕ ਜਸ਼ਨ ਵੀ ਏ।

-----------------------------------------------------------

ਪੰਜਾਬ ਦੇ ਸਮਾਜਿਕ ਸੁਰਖਿਆ, ਮਹਿਲਾ ਤੇ ਬਲ ਵਿਕਾਸ ਮੰਤਰੀ, ਡਾ ਬਲਜੀਤ ਕੌਰ ਨੇ ਅਧਿਕਾਰੀਆਂ ਨੂੰ ਸਖਤ ਨਿਰਦੇਸ਼ ਦਿੱਤੇ ਨੇ ਕਿ ਯਤੀਮ ਅਤੇ ਬੇਸਹਾਰਾ ਬੱਚਿਆਂ ਦੀ, ਗੋਦ ਲੈਣ ਦੀ ਪ੍ਰਕਿਰਿਆ ਜੁਵੇਨਾਇਲ ਜਸਟਿਸ ਐਕਟ - 2015 ਤਹਿਤ ਕਾਨੂਨੀ ਤਰੀਕੇ ਨਾਲ ਪੂਰੀ ਕੀਤੀ ਜਾਵੇ. ਮੰਤਰੀ ਨੇ ਕਿਹਾ ਕਿ ਹਰ ਬੱਚਾ ਸੁਰਖਿਅਤ, ਪਿਆਰ ਭਰਪੂਰ ਅਤੇ ਮਰਿਆਦਾ ਵਾਲੇ ਮਾਹੌਲ ਦਾ ਹੱਕਦਾਰ ਏ. ਇਸ ਲਈ ਲੋੜ ਏ ਕਿ ਗੋਦ ਲੈਣ ਦੀ ਪ੍ਰਕਿਰਿਆ ਹਮੇਸ਼ਾ ਕਾਨੂਨੀ ਤਰੀਕੇ ਨਾਲ ਕੀਤੀ ਜਾਵੇ ਤਾਂ ਜੋ ਬੱਚੇ ਦੇ ਭਵਿਖ, ਉਸ ਦੇ ਹੱਕਾ ਦੀ ਸੁਰਖਿਆ ਨੂੰ ਮੁਕੰਮਲ ਤੌਰ 'ਤੇ ਯਕੀਨੀ ਬਣਾਇਆ ਜਾ ਸਕੇ.

-----------------------------------------------------------ਕ੍ਰਿਸ਼ੀ ਵਿਗਆਨ ਕੇਂਦਰ, ਸ਼੍ਰੀ ਮੁਕਤਸਰ ਸਾਹਿਬ ਵੱਲੋਂ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਦੇ ਸਹਿਯੋਗ ਨਾਲ ਵਿਕਸਿਤ ਕ੍ਰਿਸ਼ੀ ਸੰਕਲਪ ਅਭਿਆਨ ਤਹਿਤ ਤਿੰਨ ਵੱਖ-ਵੱਖ ਟੀਮਾਂ ਬਣਾਕੇ 9 ਪਿਡਾਂ ਵਿੱਚ ਝੋਨੇ ਬਾਸਮਤੀ ਦੀ ਸਿੱਧੀ ਬਿਜਾਈ ਸਬੰਧੀ ਕੈਂਪ ਲਾਏ ਗਏ। ਇਹਨਾਂ ਕੈਂਪਾਂ

ਵਿੱਚ ਕਿਸਾਨਾਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ। ਕੈਂਪਾਂ ਦੌਰਾਨ ਖੇਤੀਬਾੜੀ ਮਾਹਿਰਾ ਨੇ ਕਿਸਾਨਾਂ ਨੂੰ ਦੱਸਿਆ ਕਿ ਬਿਨਾਂ ਕੱਦੂ ਕੀਤੇ ਝੋਨੇ ਦੀ ਸਿੱਧੀ ਬਿਜਾਈ ਇੱਕ ਕੁਦਰਤੀ ਸਰੋਤ ਸੰਭਾਲ ਤਕਨੀਕ ਏ ਜਿਸ ਨਾਲ 10 ਤੋਂ 20 ਫੀਸਦੀ ਪਾਣੀ ਦੇ ਨਾਲ – ਨਾਲ ਮਜ਼ਦੂਰੀ ਦੀ ਬੱਚਤ ਹੁੰਦੀ ਏ ਅਤੇ ਅਗਲੀ ਕਣਕ ਦੀ ਫਸਲ ਦਾ ਵੀ ਵਧੀਆ ਝਾੜ ਆਉਂਦਾ ਏ।

---------------------------------------------------

ਪਟਿਆਲਾ ਸ਼ਹਿਰ ਦੀ ਆਵਾਜਾਈ ਤੇ ਟ੍ਰੈਫਿਕ ਪ੍ਰਣਾਲੀ ਨੂੰ ਸੁਚਾਰੂ ਢੰਗ ਨਾਲ ਲਾਗੂ ਕਰਨ ਲਈ ਚੰਡੀਗੜ੍ਹ ਤੇ ਮੁਹਾਲੀ ਦੀ ਤਰਜ 'ਤੇ ਪਟਿਆਲਾ ਵਿਖੇ ਵੀ ਇੰਟੈਲੀਜੈਂਟ ਟ੍ਰੈਫਿਕ ਮੈਨੇਜਮੈਂਟ ਸਿਸਟਮ ਲਾਇਆ ਜਾਏਗਾ. ਰੀਜ਼ਨਲ ਟਰਾਂਸਪੋਰਟ ਅਫ਼ਸਰ, ਬਬਨਦੀਪ ਸਿੰਘ ਵਾਲੀਆ ਦੀ ਪ੍ਰਧਾਨਗੀ ਹੇਠ ਹੋਈਆਂ ਦੋ ਬੈਠਕਾਂ ਮੌਕੇ ਟ੍ਰੈਫਿਕ ਪ੍ਰਬੰਧ ਸੰਬੰਧੀ ਯੋਜਨਾ, ਸ਼ਹਿਰ ਦੀ ਆਵਾਜਾਈ ਤੇ ਟ੍ਰੈਫਿਕ ਪ੍ਰਣਾਲੀ ਅਤੇ ਸੜਕ ਸੁਰੱਖਿਆ ਨੇਮਾਂ ਦੀ ਲਾਜਮੀ ਪਾਲਣਾ ਨੂੰ ਸੁਚਾਰੂ ਢੰਗ ਨਾਲ ਲਾਗੂ ਕਰਨ ਸਬੰਧੀ ਅੱਜ ਪਟਿਆਲਾ ਵਿਖੇ ਹੋਈ ਵਿਆਪਕ ਚਰਚਾ ਵਿਚ ਇਹ ਫੈਸਲਾ ਲਿਆ ਗਿਆ.

---------------------------------------------------